I/391827/2022

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-2 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ,
ਪੰਜਾਬ, ਚੰਡੀਗੜ੍ਹ:

ਮਿਤੀ, ਚੰਡੀਗੜ੍ਹ: 12/7/22

ਵਿਸ਼ਾ:- ਸਾਲ 2022 ਦੌਰਾਨ ਡੀ.ਐਨ.ਬੀ ਕੋਰਸ ਲਈ ਕੌਂਸਲਿੰਗ ਅਟੈਂਡ ਕਰਨ ਵਾਸਤੇ ਪ੍ਰੋਵੀਜਨਲ ਇਤਰਾਜਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਨ ਸਬੰਧੀ ।

ਉਪਰੋਕਤ ਵਿਸੇ ਤੇ ਪੱ.ਨੰ: ਈ2(3)ਪੰ:2022/3437 ਮਿਤੀ 05.07.2022 ਦੇ ਹਵਾਲੇ ਵਿਚ ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਵੱਲੋਂ ਭੇਜੇ ਗਏ ਹੇਠ ਲਿਖੇ ਮੈਡੀਕਲ ਅਫਸਰ ਦੇ ਵੇਰਵਿਆਂ/ਤਜਵੀਜ਼ਾਂ/ਸਿਫਾਰਸ਼ਾਂ ਨੂੰ ਸਰਕਾਰ ਦੀਆਂ ਹਦਾਇਤਾਂ ਮਿਤੀ 25.06.2019 ਤੇ 14.12.2021 ਅਨੁਸਾਰ ਵਿਚਾਰਨ ਉਪਰੰਤ ਡਾਕਟਰ ਦੇ ਨਾਮ ਸਾਹਮਣੇ ਦਰਸਾਏ ਵੇਰਵਿਆਂ ਅਨੁਸਾਰ ਪੰਜਾਬ ਰਾਜ ਦੇ ਜਿਲ੍ਹਾ ਹਸਪਤਾਲਾਂ ਵਿੱਚੋ ਡੀ.ਐਨ.ਬੀ ਕੋਰਸ ਲਈ ਕਾਉਂਸਲਿੰਗ ਅਟੈਂਡ ਕਰਨ ਲਈ ਸਪਾਂਸਰਡ ਕੈਟਾਗਿਰੀ ਵਿੱਚ ਪ੍ਰੋਵੀਜਨਲ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ , ਸੇਵਾ ਨੰਬਰ ਅਤੇ ਪੋਸਟਿੰਗ ਦਾ ਸਥਾਨ | ਜਨਮ ਮਿਤੀ / ਸੇਵਾ ਸ਼ੁਰੂ ਕਰਨ ਦੀ ਮਿਤੀ / ਰਿਟਾਇਰਮੈਂਟ ਦੀ ਮਿਤੀ | ਪਰਖ ਕਾਲ ਸਮਾਂ ਪਾਰ ਹੈ ਜਾਂ ਨਹੀਂ | ਸ਼ਿਕਾਇਤ / ਪੜਤਾਲ ਲੰਬਿਤ ਹੈ ਜਾਂ ਨਹੀਂ | ਡਾਕਟਰ ਬਾਂਡਿਡ ਹੈ | ਸੇਵਾ ਦੇ ਵੇਰਵਾ | ਵਿਸੇਸ ਕਥਨ |
|---|---|---|---|---|---|---|---|
| 1 | ਡਾ. ਪ੍ਰਿਯੰਕਾ, ਮੈਡੀਕਲ ਅਫਸਰ, ਮੈਰਿਟ ਨੰ: 432/ਐਸ.ਸੀ./ ਆਰ.ਐਡ.ਓ/2014, ਸੀ.ਐਚ.ਸੀ. ਸੜੋਆ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। | 18.07.90<br>02.06.14<br>31.07.48 | ਹਾਂ ਜੀ | ਨਹੀ ਜੀ | ਨਹੀ ਜੀ | ਸੀ.ਐਚ.ਸੀ ਬਧਾਣੀ ਕਲਾਂ ਜਿਲ੍ਹਾ ਮੋਗਾ<br>ਮਿਤੀ 02.06.14 ਤੋ 16.06.15 ਤੱਕ<br>01 ਸਾਲ 01 ਮਹੀਨਾ 14 ਦਿਨ<br>ਕੈਟਾਗਿਰੀ ਸੀ<br>ਸੀ.ਐਚ.ਸੀ. ਸੜੋਆ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ।<br>ਮਿਤੀ 17.06.15 ਤੋ 10.06.22 ਤੱਕ<br>06 ਸਾਲ 11 ਮਹੀਨੇ 24 ਦਿਨ<br>ਕੈਟਾਗਿਰੀ ਡੀ | ਸਪਾਂਸਰਡ ਕੈਟਾਗਿਰੀ ਅਧੀਨ |

3. ਸਰਕਾਰ ਦੀਆਂ ਹਦਾਇਤਾਂ ਮਿਤੀ 14.12.2021 ਵਿੱਚ ਹੇਠ ਅਨੁਸਾਰ ਉਪਬੰਧ ਕੀਤੇ ਗਏ ਹਨ:-

<u>ਸਪਾਂਸਰਡ ਕੈਟਾਗਿਰੀ ਲਈ ਸ਼ਰਤਾਂ</u>:-

i) ਜਿਨ੍ਹਾਂ ਪੀ.ਸੀ.ਐਮ.ਐਸ. ਮੈਡੀਕਲ ਅਫਸਰਾਂ ਨੇ 3 ਸਾਲ ਦੀ ਸੇਵਾ Difficult Rural Area ਜਾਂ More Difficult Rural Area ਵਿੱਚ ਪੂਰੀ ਕੀਤੀ ਹੋਵੇ;

ii) ਪਰਖਕਾਲ ਸਮਾਂ ਪਾਰ ਹੋਵੇ;

iii) ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਕੋਈ ਵਿਜੀਲੈਂਸ ਪੜਤਾਲ ਆਦਿ ਲੰਬਿਤ ਨਾਂ ਹੋਵੇ;

iv) ਚੋਣ ਹੋਣ ਉਪਰੰਤ ਡਾਕਟਰ ਵੱਲੋਂ 6 ਸਾਲ ਦੀ ਸੇਵਾ ਕਰਨ ਲਈ ਰੁ.25,00,000/- (ਪੱਚੀ ਲੱਖ ਰੁਪਏ) ਦਾ ਬਾਂਡ ਭਰਨਾ ਹੋਵੇਗਾ;

v) ਕੋਰਸ ਕਰਨ ਉਪਰੰਤ ਡਾਕਟਰ ਦੀ 6 ਸਾਲ ਦੀ ਸੇਵਾ ਬਾਕੀ ਰਹਿੰਦੀ ਹੋਵੇ; ਅਤੇ

vi) ਜੇਕਰ ਡਾਕਟਰ ਕੋਰਸ ਕਰਨ ਉਪਰੰਤ ਸੇਵਾ ਪੂਰੀ ਨਹੀਂ ਕਰਦਾ ਜਾਂ ਬਾਂਡ ਮਨੀ ਨਹੀਂ ਭਰਦਾ ਤਾਂ ਉਸ ਦੀ ਰਜਿਸਟਰੇਸ਼ਨ ਸਬੰਧਤ ਮੈਡੀਕਲ ਕੌਂਸਲ ਤੋਂ ਰੱਦ ਕਰਵਾ ਦਿੱਤੀ ਜਾਵੇਗੀ।

I/391827/2022

4. ਉਕਤ ਡਾਕਟਰ ਨੂੰ ਸਰਕਾਰ ਦੀਆਂ ਹਦਾਇਤਾਂ ਮਿਤੀ 25.06.2019 ਤੇ 14.12.2021 ਵਿੱਚ ਦਰਜ ਸ਼ਰਤਾਂ ਤੋ ਇਲਾਵਾ ਇਸ ਸ਼ਰਤ ਤੇ ਜਾਰੀ ਕੀਤਾ ਜਾਂਦਾ ਹੈ ਕਿ ਸਿਲੈਕਸ਼ਨ ਹੋਣ ਤੇ ਡਾਕਟਰ ਫਾਰਮਲ ਐਨ.ਓ.ਸੀ ਸਰਕਾਰ ਪਾਸੋ ਲੈ ਕੇ ਜਾਵੇਗਾ। ਜੇਕਰ ਬਾਅਦ ਵਿੱਚ ਕੋਈ ਪ੍ਰਤੀਕੂਲ ਮੁੱਦਾ ਸਾਹਮਣੇ ਆਉਣ ਕਾਰਨ ਜਾਰੀ ਕੀਤਾ ਜਾ ਰਿਹਾ ਐਨ.ਓ.ਸੀ ਮੁੜ ਵਿਚਾਰਿਆ ਜਾ ਸਕਦਾ ਹੈ।

5. ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

ਮਿਤੀ, ਚੰਡੀਗੜ੍ਹ: 12/7/22

ਇਸ ਦਾ ਇਕ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, (ਸਿਹਤ-3 ਸ਼ਾਖਾ) ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਮੈਡੀਕਲ ਭਵਨ, ਸੈਕਟਰ-69, ਮੋਹਾਲੀ।
3. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ। (ਵੈਬਸਾਇਟ ਰਾਹੀਂ https://health.punjab.gov.in)
4. ਸਬੰਧਤ ਸਿਵਲ ਸਰਜਨ/ਐਸ.ਐਮ.ਓ। (ਵੈਬਸਾਇਟ ਰਾਹੀਂ https://health.punjab.gov.in)
5. ਸਬੰਧਤ ਡਾਕਟਰ। (ਵੈਬਸਾਇਟ ਰਾਹੀਂ https://health.punjab.gov.in)

ਸੁਪਰਡੰਟ